## **ਅੰਗ ਅਤੇ ਟਿਸ਼ੂ ਦਾਨ**

*ਅੰਗ ਅਤੇ ਟਿਸ਼ੂ ਦਾਨ ਇੱਕ ਨਿੱਜੀ ਚੋਣ ਹੈ। ਆਪਣੇ ਫੈਸਲੇ ਨੂੰ ਆਪਣੇ ਪਰਿਵਾਰ ਨਾਲ ਸਾਂਝਾ ਕਰੋ।*

**MUHC ਨਰਸ ਕਲੀਨਿਸ਼ਨਾਂ: ਵੈਂਡੀ ਸ਼ੈਰੀ ਅਤੇ ਬਰਨਾਰਡ ਟ੍ਰੈਮਬਲੇ ਵੱਲੋਂ ਕੈਨੇਡੀਅਨ ਬਲੱਡ ਸਰਵਿਸਜ਼ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ**

### **ਅੰਗ ਅਤੇ ਟਿਸ਼ੂ ਦਾਨ ਕੀ ਹੈ?**

ਅੰਗ ਅਤੇ ਟਿਸ਼ੂ ਦਾਨ ਇੱਕ ਚੋਣ ਹੈ ਜੋ ਤੁਸੀਂ ਹੋਰਨਾਂ ਨੂੰ ਆਪਣੀ ਸਿਹਤ ਮੁੜ ਹਾਸਲ ਕਰਨ ਵਿੱਚ ਮਦਦ ਕਰਨ ਲਈ ਕਰ ਸਕਦੇ ਹੋ। ਗੈਰ-ਸਿਹਤਮੰਦ ਅੰਗਾਂ ਨੂੰ ਸਿਹਤਮੰਦ ਅੰਗਾਂ ਨਾਲ ਬਦਲਣ ਦੁਆਰਾ, ਅੰਗ ਦਾਨ ਜ਼ਿੰਦਗੀਆਂ ਬਚਾਉਂਦਾ ਹੈ। ਟਿਸ਼ੂ ਦਾਨ ਲੋਕਾਂ ਦੀ ਨਜ਼ਰ ਵਿੱਚ ਸੁਧਾਰ ਕਰਕੇ ਜਾਂ ਕਿਸੇ ਗੰਭੀਰ ਜਲਣ (burn) ਤੋਂ ਬਾਅਦ ਲਾਗਾਂ ਦੀ ਰੋਕਥਾਮ ਕਰਕੇ ਲੋਕਾਂ ਨੂੰ ਬਿਹਤਰ ਜ਼ਿੰਦਗੀਆਂ ਜਿਉਣ ਵਿੱਚ ਮਦਦ ਕਰਦਾ ਹੈ।

ਦਾਨ ਕੀਤੇ ਅੰਗ ਅਤੇ ਟਿਸ਼ੂ ਉਹਨਾਂ ਲੋਕਾਂ ਨੂੰ ਦਿੱਤੇ ਜਾਂਦੇ ਹਨ ਜਿਨ੍ਹਾਂ ਨੂੰ ਇਹਨਾਂ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਨਸਲ, ਲਿੰਗ, ਆਮਦਨ ਜਾਂ ਮਸ਼ਹੂਰ ਹਸਤੀ ਦਾ ਰੁਤਬਾ ਇਸ ਚੀਜ਼ ਨੂੰ ਪ੍ਰਭਾਵਿਤ ਨਹੀਂ ਕਰਦੇ ਕਿ ਦਾਨ ਕੀਤੇ ਅੰਗਾਂ ਅਤੇ ਟਿਸ਼ੂ ਨੂੰ ਕੌਣ ਪ੍ਰਾਪਤ ਕਰੇਗਾ।

ਤੁਹਾਡੇ ਸਰੀਰ ਲਈ ਦੇਖਭਾਲ ਅਤੇ ਆਦਰ ਦਾਨ ਦੀ ਪ੍ਰਕਿਰਿਆ ਦਾ ਇੱਕ ਅਹਿਮ ਭਾਗ ਹਨ। ਅੰਗਾਂ ਨੂੰ ਕਿਸੇ ਹਸਪਤਾਲ ਦੇ ਆਪਰੇਟਿੰਗ ਰੂਮ ਵਿੱਚ ਸਰਜਰੀ ਦੌਰਾਨ ਕੱਢਿਆ ਜਾਂਦਾ ਹੈ ਅਤੇ ਲੋੜਵੰਦ ਵਿਅਕਤੀ ਤੱਕ ਲਿਆਂਦਾ ਜਾਂਦਾ ਹੈ। ਫੇਰ ਟਿਸ਼ੂ ਅਤੇ ਅੱਖਾਂ ਨੂੰ ਕੱਢਿਆ ਜਾਂਦਾ ਹੈ। ਖੁੱਲ੍ਹੇ ਤਾਬੂਤ ਨਾਲ ਅੰਤਿਮ-ਸੰਸਕਾਰ ਦੇ ਇੰਤਜ਼ਾਮ ਇੱਕ ਵਿਕਲਪ ਬਣੇ ਰਹਿੰਦੇ ਹਨ।

### **ਕਿਹੜੇ ਅੰਗਾਂ ਅਤੇ ਟਿਸ਼ੂਆਂ ਨੂੰ ਦਾਨ ਕੀਤਾ ਜਾ ਸਕਦਾ ਹੈ?**

ਜਿਹੜੇ ਅੰਗਾਂ ਅਤੇ ਟਿਸ਼ੂਆਂ ਨੂੰ ਦਾਨ ਕੀਤਾ ਜਾ ਸਕਦਾ ਹੈ, ਉਹ ਹਨ:

*ਅੰਗ*
ਦਿਲ, ਫੇਫੜੇ, ਪਾਚਕ-ਗ੍ਰੰਥੀ, ਪਾਚਕ-ਗ੍ਰੰਥੀ ਦੇ ਆਈਲੈੱਟ ਸੈੱਲ, ਜਿਗਰ, ਗੁਰਦੇ, ਪੇਟ ਅਤੇ ਛੋਟੀ ਆਂਤੜੀਆਂ

*ਟਿਸ਼ੂ*
ਕੋਰਨੀਆ, ਸਕਲੇਰਾ, ਚਮੜੀ, ਦਿਲ ਦੇ ਵਾਲਵ, ਹੱਡੀ, ਅਤੇ ਯੋਜਕ-ਤੰਤੂ

### **ਕੌਣ ਦਾਨ ਕਰ ਸਕਦਾ ਹੈ?**

ਹਰ ਕੋਈ ਯੋਗ ਹੈ, ਜਨਮ ਤੋਂ ਲੈਕੇ ਵੱਡੀ ਉਮਰ ਦੇ ਬਾਲਗਾਂ ਤੱਕ। ਅੰਗ ਜਾਂ ਟਿਸ਼ੂ ਦਾਨ ਸੰਗਠਨ ਇਹ ਫੈਸਲਾ ਕਰਨ ਲਈ ਹਰੇਕ ਕੇਸ ਦਾ ਮੁਲਾਂਕਣ ਕਰੇਗਾ ਕਿ ਕਿਹੜੇ ਅੰਗਾਂ ਅਤੇ ਟਿਸ਼ੂਆਂ ਨੂੰ ਦਾਨ ਕਰਨਾ ਸੰਭਵ ਹੈ।

*ਕਿਸੇ ਵਿਅਕਤੀ ਦੀ ਆਖਰਕਾਰ ਮੌਤ ਹੋਣ ਬਾਰੇ ਗੱਲ ਕਰਨਾ ਮੁਸ਼ਕਿਲ ਹੋ ਸਕਦਾ ਹੈ, ਨਾ ਸਿਰਫ਼ ਤੁਹਾਡੇ ਵਾਸਤੇ ਸਗੋਂ ਤੁਹਾਡੇ ਪਰਿਵਾਰ ਵਾਸਤੇ ਵੀ।*

## ਕੀ ਮੈਂ ਅਜੇ ਵੀ ਦਾਨ ਕਰ ਸਕਦਾ/ਦੀ ਹਾਂ ਜਾਂ ਜੇ ਮੈਂ ਬਿਮਾਰ ਹਾਂ?

ਕੋਈ ਡਾਕਟਰੀ ਸਮੱਸਿਆ ਜਾਂ ਗੰਭੀਰ ਬਿਮਾਰੀ ਤੁਹਾਨੂੰ ਇੱਕ ਸੰਭਾਵੀ ਅੰਗ ਦਾਨੀ ਬਣਨ ਤੋਂ ਨਹੀਂ ਰੋਕਦੀ। ਸਮਾਂ ਆਉਣ ’ਤੇ, ਸਾਰੇ ਸੰਭਾਵੀ ਦਾਨੀਆਂ ਦਾ ਮੁਲਾਂਕਣ ਵਿਅਕਤੀਗਤ, ਡਾਕਟਰੀ, ਕੇਸ-ਦਰ-ਕੇਸ ਆਧਾਰ ’ਤੇ ਕੀਤਾ ਜਾਂਦਾ ਹੈ।

## ਮੈਨੂੰ ਇਸ ਬਾਰੇ ਕਦੋਂ ਸੋਚਣਾ ਸ਼ੁਰੂ ਕਰਨਾ ਚਾਹੀਦਾ ਹੈ?

ਮਰਨ ਬਾਰੇ ਗੱਲ ਕਰਨਾ ਮੁਸ਼ਕਿਲ ਹੋ ਸਕਦਾ ਹੈ ਜਦ ਕਿ ਤੁਸੀਂ ਅਜੇ ਵੀ ਜੀ ਰਹੇ ਹੁੰਦੇ ਹੋ। ਪਰ ਇੱਕ ਅੰਗ ਅਤੇ ਟਿਸ਼ੂ ਦਾਨੀ ਬਣਨ ਲਈ ਰਜਿਸਟਰ ਕਰਨ ਵਾਸਤੇ ਆਪਣੇ ਫੈਸਲੇ ਬਾਰੇ ਗੱਲ ਕਰਨਾ ਬੇਹੱਦ ਅਹਿਮ ਹੈ। ਤੁਹਾਡੇ ਪਿਆਰਿਆਂ ਨੂੰ ਲਾਜ਼ਮੀ ਤੌਰ ’ਤੇ ਤੁਹਾਡੇ ਜੀਵਨ ਦੇ ਅੰਤ ’ਤੇ, ਤੁਹਾਡੀਆਂ ਇੱਛਾਵਾਂ ਦਾ ਮਾਣ ਰੱਖਣ ਲਈ ਰਜ਼ਾਮੰਦੀ ਦੇਣੀ ਚਾਹੀਦੀ ਹੈ; ਜੇ ਤੁਸੀਂ ਪਹਿਲਾਂ ਹੀ ਇਸ ਬਾਰੇ ਗੱਲ ਕਰ ਚੁੱਕੇ ਹੋ, ਤਾਂ ਸਹੀ ਚੀਜ਼ ਕਰਨਾ ਉਹਨਾਂ ਵਾਸਤੇ ਵਧੇਰੇ ਆਸਾਨ ਹੁੰਦਾ ਹੈ।

ਜੇ ਤੁਸੀਂ ਦਾਨ ਕਰਨ ’ਤੇ ਵਿਚਾਰ ਕਰ ਰਹੇ ਹੋ, ਤਾਂ ਆਪਣੇ ਪਰਿਵਾਰਕ ਡਾਕਟਰ ਨਾਲ ਜਾਂ ਪ੍ਰਾਂਤਕੀ ਦਾਨ ਪ੍ਰੋਗਰਾਮ ਨਾਲ ਗੱਲ ਕਰੋ।

## ਮੈਂ ਕਿਵੇਂ ਦਾਨ ਕਰ ਸਕਦਾ/ਦੀ ਹਾਂ?

ਤੁਹਾਡੇ ਪ੍ਰਾਂਤ ਵਿੱਚ ਅੰਗ ਅਤੇ ਟਿਸ਼ੂ ਦਾਨੀ ਬਣਨ ਲਈ ਰਜਿਸਟਰ ਕਿਵੇਂ ਕਰਨਾ ਹੈ:

- https://www.donateyourorgans.ca/#register

ਚਾਹੇ ਤੁਹਾਡਾ ਫੈਸਲਾ ਜੋ ਵੀ ਹੋਵੇ, ਤੁਸੀਂ ਹਮੇਸ਼ਾ ਉਚਿਤ ਡਾਕਟਰੀ ਦੇਖਭਾਲ ਪ੍ਰਾਪਤ ਕਰੋਂਗੇ। ਇਸ ਬਾਰੇ ਆਪਣੇ ਪਰਿਵਾਰ ਨਾਲ ਗੱਲ ਕਰੋ ਕਿ ਕੀ ਤੁਸੀਂ ਦਾਨ ਕਰਨਾ ਚਾਹੁੰਦੇ ਹੋ ਜਾਂ ਨਹੀਂ। ਤੁਹਾਡੀ ਚੋਣ ਦਾ ਆਦਰ ਕੀਤਾ ਜਾਵੇਗਾ।

ਕਿਰਪਾ ਕਰਕੇ ਯਾਦ ਰੱਖੋ ਕਿ ਦਾਨ ਸਿਰਫ਼ ਤਾਂ ਹੀ ਹੋ ਸਕਦਾ ਹੈ ਜਦ ਇੱਕ ਵਾਰ ਡਾਕਟਰ ਤੁਹਾਨੂੰ ਮ੍ਰਿਤਕ ਐਲਾਨ ਦਿੰਦਾ ਹੈ।

ਤੁਹਾਡੇ ਜੀਵਨ ਦੇ ਅੰਤ ’ਤੇ, ਤੁਹਾਡੇ ਅੰਗਾਂ ਅਤੇ ਟਿਸ਼ੂ ਨੂੰ ਦਾਨ ਕਰਨ ਦਾ ਤੁਹਾਡਾ ਫੈਸਲਾ ਹੋਰ ਲੋਕਾਂ ਨੂੰ ਉਹਨਾਂ ਦੇ ਜੀਵਨਾਂ ਦੇ ਅੰਤ ਤੱਕ ਜਿਉਂਦੇ ਰਹਿਣ ਵਿੱਚ ਮਦਦ ਕਰਦਾ ਹੈ।

ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ ਸਾਨੂੰ ਏਥੇ ਈਮੇਲ ਕਰੋ: OTDT@blood.ca.